

## ਸੁਣਨ-ਸ਼ਕਤੀ ਦੀ ਦੁਬਾਰਾ ਜਾਂਚ ਜਾਂ ਸੁਣਨ ਸ਼ਕਤੀ ਦਾ ਅਨੁਮਾਨ ਲਾਉਣ ਦੇ ਟੈੱਸਟਾਂ ਲਈ ਮਾਪੇ ਆਪਣੇ ਬੱਚੇ ਨੂੰ ਕਿਵੇਂ ਤਿਆਰ ਕਰ ਸਕਦੇ ਹਨ?

ਦੁਬਾਰਾ ਜਾਂਚ ਅਤੇ ਸੁਣਨ ਸ਼ਕਤੀ ਦਾ ਅਨੁਮਾਨ ਲਾਉਣ ਦੇ ਟੈੱਸਟ ਉਦੋਂ ਕੀਤੇ ਜਾਂਦੇ ਹਨ ਜਦੋਂ ਤੁਹਾਡਾ ਬੱਚਾ ਸੁੱਤਾ ਹੁੰਦਾ ਹੈ। ਕਿਰਪਾ ਕਰਕੇ ਆਪਣੀ ਅਪੁਆਇੰਟਮੈਂਟ ’ਤੇ ਪਹੁੰਚਣ ਵੇਲੇ ਆਪਣੇ ਬੱਚੇ ਨੂੰ ਭੁੱਖਾ ਅਤੇ ਥੱਕਿਆ ਰੱਖਣ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਤੁਸੀਂ ਆਪਣੇ ਬੱਚੇ ਨੂੰ ਖੁਆ/ਪਿਆ ਸਕੋਗੇ ਤਾਂਕਿ ਉਹ ਟੈੱਸਟਾਂ ਲਈ ਸੌਖਿਆਂ ਹੀ ਸੌਂ ਜਾਵੇ। ਟੈੱਸਟ ਦੌਰਾਨ ਆਪਣੇ ਬੱਚੇ ਨੂੰ ਸੁਲਾਉਣ ਲਈ ਕੁਝ ਸੁਝਾਅ ਇਹ ਹਨ:

- ਟੈੱਸਟ ਤੋਂ ਪਹਿਲਾਂ ਘੱਟੋ ਘੱਟ ਇਕ ਘੰਟੇ ਲਈ ਆਪਣੇ ਬੱਚੇ ਨੂੰ ਜਾਗਦਾ ਰੱਖੋ।
- ਜੇ ਅਪੁਆਇੰਟਮੈਂਟ ’ਤੇ ਗੱਡੀ ਚਲਾ ਕੇ ਆਉਣਾ ਹੈ ਤਾਂ ਬੱਚੇ ਨਾਲ ਖੇਡਣ ਲਈ ਅਤੇ ਉਸ ਨੂੰ ਜਾਗਦਾ ਰੱਖਣ ਲਈ ਇਕ ਹੋਰ ਬਾਲਗ ਨੂੰ ਆਪਣੇ ਨਾਲ ਕਾਰ ਵਿਚ ਲਿਆਉ।
- ਆਪਣੇ ਨਾਲ ਕੋਈ ਖਾਸ ਕੰਬਲ ਜਾ ਚੀਜ਼ਾਂ ਲਿਆਉ ਜਿਹੜੀਆਂ ਬੱਚੇ ਨੂੰ ਸੁਲਾਉਣ ਵਿਚ ਮਦਦ ਕਰ ਸਕਦੀਆਂ ਹੋਣ।
- ਕਿਰਪਾ ਕਰਕੇ ਅਪੁਆਇੰਟਮੈਂਟ ਤੋਂ ਪਹਿਲਾਂ ਤਕਰੀਬਨ ਡੇਢ ਘੰਟੇ ਦੇ ਸਮੇਂ ਲਈ ਆਪਣੇ ਬੱਚੇ ਨੂੰ ਖੁਆਉਣ/ਪਿਲਾਉਣ ਵਿਚ ਦੇਰੀ ਕਰਨ ਦੀ ਕੋਸ਼ਿਸ਼ ਕਰੋ।
- ਆਪਣੇ ਬੱਚੇ ਨੂੰ ਖੁਆਉਣ/ਪਿਲਾਉਣ ਦਾ ਸਭ ਤੋਂ ਬਿਹਤਰ ਸਮਾਂ ਉਹ ਹੈ ਜਦੋਂ ਟੈੱਸਟ ਸ਼ੁਰੂ ਹੁੰਦਾ ਹੈ।

ਟੈੱਸਟ ਦੇ ਸਮੇਂ ਦੌਰਾਨ ਤੁਸੀਂ ਆਪਣੇ ਬੱਚੇ ਕੋਲ ਇਕ ਆਰਾਮਦੇਹ ਕੁਰਸੀ ’ਤੇ ਬੈਠੇ ਹੋਵੋਗੇ।

ਹੀਅਰਿੰਗ ਕਲਿਨਿਕ ਵਿਚ ਬੱਚਿਆਂ ਦੇ ਖੇਡਣ ਲਈ ਨਿਗਰਾਨੀ ਵਾਲੀਆਂ ਥਾਂਵਾਂ ਨਹੀਂ ਹਨ। ਜੇ ਤੁਹਾਨੂੰ ਦੂਜੇ ਬੱਚਿਆਂ ਨੂੰ ਆਪਣੇ ਨਾਲ ਲਿਆਉਣਾ ਹੀ ਪਵੇ ਤਾਂ ਕਿਰਪਾ ਕਰਕੇ ਉਨ੍ਹਾਂ ਦਾ ਖਿਆਲ ਰੱਖਣ ਲਈ ਕਿਸੇ ਹੋਰ ਬਾਲਗ ਨੂੰ ਨਾਲ ਲੈ ਕੇ ਆਉ।

ਬਹੁਤੇ ਕੇਸਾਂ ਵਿਚ, ਟੈੱਸਟ ਦੇ ਨਤੀਜੇ, ਟੈੱਸਟ ਤੋਂ ਫੌਰਨ ਬਾਅਦ ਤੁਹਾਨੂੰ ਦੱਸ ਦਿੱਤੇ ਜਾਣਗੇ।



ਬੀ ਸੀ ਅਰਲੀ
ਹੀਅਰਿੰਗ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ
www.phsa.ca/earlyhearing
ਉੱਤੇ ਜਾਉ।

Provincial Health Services Authority
Province-wide solutions.
Better health.

# ਸੁਣਨ-ਸ਼ਕਤੀ ਦੇ ਟੈੱਸਟ ਬਾਰੇ ਮਾਪਿਆਂ ਲਈ ਜਾਣਕਾਰੀ



## BC Early Hearing Program
## ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ

A service of BC Children’s Hospital and the Provincial Health Services Authority
ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੋਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ ਦੀ ਇਕ ਸੇਵਾ

BCEHP-2 2009 Hearing Test Information for Parents (Punjabi)

**ਅੱਜ ______________________**
**ਤੁਹਾਡੇ ਬੱਚੇ ______________________**
**ਦੀ ਸੁਣਨ-ਸ਼ਕਤੀ ਦੀ ਜਾਂਚ ਹੋਈ ਹੈ।**

**ਤੁਹਾਡੇ ਬੱਚੇ ਦੀ ਦੁਬਾਰਾ ਜਾਂਚ ਕਰਨ ਜਾਂ ਉਸ ਦੀ ਸੁਣਨ ਸ਼ਕਤੀ ਦਾ ਅਨੁਮਾਨ ਲਾਉਣ ਲਈ ਹੋਰ ਟੈੱਸਟ ਕਰਨ ਦੀ ਲੋੜ ਹੈ।**

ਸੁਣਨ-ਸ਼ਕਤੀ ਦੇ ਨੁਕਸਾਨ ਦਾ ਅਗੇਤੇ ਪਤਾ ਲਾਉਣਾ ਬਹੁਤ ਜ਼ਰੂਰੀ ਹੈ। ਇਸ ਕਰਕੇ ਹੀ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਉਸ ਦੇ ਜਨਮ ਤੋਂ ਛੇਤੀ ਬਾਅਦ ਚੈੱਕ ਕੀਤੀ ਗਈ ਹੈ। ਹੋਰ ਟੈੱਸਟਾਂ ਦੀ ਲੋੜ ਵਾਲੇ ਬਹੁਤੇ ਬੱਚਿਆਂ ਦੀ ਸੁਣਨ-ਸ਼ਕਤੀ ਠੀਕ ਹੁੰਦੀ ਹੈ, ਪਰ ਕਈਆਂ ਵਿੱਚ ਸੁਣਨ ਸ਼ਕਤੀ ਦੀ ਘਾਟ ਦਾ ਪਤਾ ਲੱਗਦਾ ਹੈ।

ਸੁਣਨ ਸ਼ਕਤੀ ਦਾ ਪੂਰਾ ਅਨੁਮਾਨ ਲਾਉਣ ਲਈ ਇਕ ਤੋਂ ਵੱਧ ਅਪੁਆਇੰਟਮੈਂਟਾਂ ਦੀ ਲੋੜ ਪੈ ਸਕਦੀ ਹੈ। ਇਹ ਮਾਪਿਆਂ ਨੂੰ ਮਾਯੂਸ ਕਰ ਸਕਦਾ ਹੈ। ਆਪਣੇ ਬੱਚੇ ਦੀ ਸੁਣਨ ਸ਼ਕਤੀ ਬਾਰੇ ਅਸਲੀਅਤ ਜਾਣਨ ਲਈ ਟੈੱਸਟਾਂ ਨੂੰ ਮੁਕੰਮਲ ਕਰਨਾ ਮਹੱਤਵਪੂਰਨ ਹੈ।

## ਕਿਸ ਤਰ੍ਹਾਂ ਦੇ ਟੈੱਸਟ ਕੀਤੇ ਜਾਂਦੇ ਹਨ?

ਤੁਹਾਡੇ ਬੱਚੇ ਦੇ ਟੈੱਸਟ ਕਿਸ ਤਰ੍ਹਾਂ ਦੇ ਹੋਣਗੇ, ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕੀ ਤੁਹਾਡੇ ਬੱਚੇ ਦੀ ਇਕ ਹੋਰ ਜਾਂਚ (ਸਕਰੀਨਿੰਗ) ਦੀ ਲੋੜ ਹੈ ਜਾਂ ਉਸ ਦੀ ਸੁਣਨ ਸ਼ਕਤੀ ਦਾ ਅਨੁਮਾਨ ਲਾਉਣ ਦੀ ਲੋੜ ਹੈ।

### ਦੁਬਾਰਾ ਜਾਂਚ

ਜੇ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਦੀ ਦੁਬਾਰਾ ਜਾਂਚ ਕਰਨ ਦੀ ਲੋੜ ਹੈ ਤਾਂ ਉਸ ਦਾ ਆਟੋਮੇਟਿਡ ਆਡਿਟਰੀ ਬਰੇਨਸਟੈੱਮ ਰਿਸਪੌਂਸ (ਏ ਏ ਬੀ ਆਰ) ਟੈੱਸਟ ਜਾਂ ਆਟੋਮੇਟਿਡ ਓਟੋਅਕਿਊਸਟਿਕ ਇਮੀਸ਼ਨ (ਏ ਓ ਏ ਈ) ਟੈੱਸਟ ਕੀਤਾ ਜਾਵੇਗਾ। ਬਹੁਤੀ ਵਾਰੀ ਦੁਬਾਰਾ ਜਾਂਚ ਸਮੇਂ ਏ ਏ ਬੀ ਆਰ ਟੈੱਸਟ ਕੀਤਾ ਜਾਂਦਾ ਹੈ।

ਏ ਏ ਬੀ ਆਰ ਟੈੱਸਟ ਵਿਚ, ਛੋਟੇ ਬੱਚਿਆਂ ਲਈ ਖਾਸ ਤੌਰ 'ਤੇ ਬਣਾਏ ਨਰਮ ਹੈੱਡਫੋਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਹੈੱਡਫੋਨ ਬੱਚੇ ਦੇ ਕੰਨਾਂ ਉੱਪਰ ਰੱਖੇ ਜਾਂਦੇ ਹਨ ਅਤੇ ਕੜਿੱਕ ਕੜਿੱਕ ਦੀਆਂ ਕੁਝ ਆਵਾਜ਼ਾਂ ਪੈਦਾ ਕੀਤੀਆਂ ਜਾਂਦੀਆਂ ਹਨ। ਤਿੰਨ ਛੋਟੇ ਸੈਂਸਰ ਬੱਚੇ ਦੀ ਧੌਣ ਅਤੇ ਸਿਰ ਉੱਪਰ ਰੱਖੇ ਜਾਂਦੇ ਹਨ। ਏ ਏ ਬੀ ਆਰ ਨਾਲ ਜਾਂਚ ਨੂੰ ਵੱਧ ਸਮਾਂ ਲੱਗਦਾ ਹੈ, ਆਮ ਤੌਰ ਉੱਤੇ 30 ਮਿਨਟ।

ਏ ਓ ਏ ਈ ਟੈੱਸਟ ਲਈ ਇਕ ਛੋਟਾ, ਨਰਮ ਸਿਰੇ ਵਾਲਾ ਕੰਨ ਵਿਚ ਪਾਉਣ ਵਾਲਾ ਯੰਤਰ (ਈਅਰਪੀਸ) ਬੱਚੇ ਦੇ ਕੰਨ ਦੇ ਬਾਹਰੀ ਹਿੱਸੇ ਵਿਚ ਰੱਖਿਆ ਜਾਂਦਾ ਹੈ ਅਤੇ ਕੰਨ ਵਿਚ ਧੀਮੀਆਂ ਆਵਾਜ਼ਾਂ ਭੇਜੀਆਂ ਜਾਂਦੀਆਂ ਹਨ। ਜਦੋਂ ਕੰਨ ਵਿਚ ਆਵਾਜ਼ ਜਾਂਦੀ ਹੈ ਤਾਂ ਕੰਨ ਦਾ ਅੰਦਰੂਨੀ ਹਿੱਸਾ, ਜਿਸ ਨੂੰ ਕੋਕਲੀਆ (ਕੰਨ-ਵਲ) ਆਖਿਆ ਜਾਂਦਾ ਹੈ, ਪ੍ਰਤੀਕਰਮ ਕਰਦਾ ਹੈ ਜਿਸ ਨੂੰ ਮਿਣਿਆ ਜਾ ਸਕਦਾ ਹੈ। ਜੇ ਬੱਚਾ ਸ਼ਾਂਤ ਜਾਂ ਸੁੱਤਾ ਹੋਇਆ ਹੋਵੇ ਤਾਂ ਏ ਓ ਏ ਈ ਟੈੱਸਟ ਨੂੰ ਸਿਰਫ ਕੁਝ ਮਿਨਟ ਲੱਗਦੇ ਹਨ

ਦੋਵੇਂ ਟੈੱਸਟਾਂ ਵਿਚ ਹੀਅਰਿੰਗ ਇਕੁਇਪਮੈਂਟ (ਸੁਣਨ ਵਾਲਾ ਸਾਜ਼ ਸਾਮਾਨ) ਦਸਦੀ ਹੈ ਕਿ ਬੱਚੇ ਦੇ ਕੰਨ ਆਵਾਜ਼ ਪ੍ਰਤੀ ਕਿਸ ਤਰ੍ਹਾਂ ਦਾ ਪ੍ਰਤੀਕਰਮ ਕਰਦੇ ਹਨ।

ਹੋਰ ਜਾਣਕਾਰੀ ਅਤੇ ਇਹਨਾਂ ਟੈੱਸਟਾਂ ਦੀਆਂ ਫੋਟੋਆਂ ਦੇਖਣ ਲਈ, ਬੀ ਸੀ ਈ ਐੱਚ ਪੀ ਦੇ ਵੈੱਬਸਾਈਟ (www.phsa.ca/earlyhearing) ਉੱਪਰ "ਫਾਰ ਫੈਮਲੀਜ਼" ਵਾਲਾ ਸੈਕਸ਼ਨ ਦੇਖੋ।

### ਸੁਣਨ ਸ਼ਕਤੀ ਦਾ ਅਨੁਮਾਨ

ਸੁਣਨ ਸ਼ਕਤੀ ਦਾ ਅਨੁਮਾਨ ਲਾਉਣ ਦੇ ਟੈੱਸਟਾਂ ਵਿੱਚ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੇ ਕਈ ਵਿਸਥਾਰਪੂਰਬਕ ਟੈੱਸਟ ਸ਼ਾਮਲ ਹਨ। ਇਹ ਟੈੱਸਟ ਸੁਣਨ ਸ਼ਕਤੀ ਦੀਆਂ ਜਾਂਚਾਂ (ਸਕਰੀਨਿੰਗ) ਤੋਂ ਜ਼ਿਆਦਾ ਗੁੰਝਲਦਾਰ ਹੁੰਦੇ ਹਨ। ਉਹ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਬਾਰੇ ਇਕ ਮੁਕੰਮਲ ਸਮਝ ਵਿਕਸਤ ਕਰਨ ਵਿੱਚ ਮਦਦ ਕਰਦੇ ਹਨ। ਸੁਣਨ ਸ਼ਕਤੀ ਦਾ ਅਨੁਮਾਨ ਲਾਉਣ ਵਾਲੇ ਟੈੱਸਟਾਂ ਵਿੱਚ ਓਟੋਅਕਿਊਸਟਿਕ ਇਮੀਸ਼ਨ (ਓ ਏ ਈ) ਅਤੇ ਆਡਿਟਰੀ ਬਰੇਨਸਟੈੱਮ ਰਿਸਪੌਂਸ (ਏ ਏ ਬੀ ਆਰ) ਟੈੱਸਟ ਸ਼ਾਮਲ ਹਨ।



ਹਰ ਇਕ ਹੈਲਥ ਅਥਾਰਟੀ ਵਿੱਚ ਬਾਲਾਂ ਦੇ ਮੁਆਇਨੇ ਦੀਆਂ ਕਈ ਥਾਂਵਾਂ (ਇਨਫੈਂਟ ਅਸੈੱਸਮੈਂਟ ਸਾਈਟਸ) ਹਨ, ਜਿੱਥੇ ਇਹ ਟੈੱਸਟ ਕੀਤੇ ਜਾਂਦੇ ਹਨ। ਟੈੱਸਟ ਬੀ ਸੀ ਈ ਐੱਚ ਪੀ ਤੋਂ ਸਿੱਖਿਆ ਪ੍ਰਾਪਤ ਆਡਿਓਲੌਜਿਸਟ ਵਲੋਂ ਕੀਤੇ ਜਾਂਦੇ ਹਨ ਜਿਸ ਨੇ ਬਾਲਾਂ ਦੀ ਸੁਣਨ ਸ਼ਕਤੀ ਦੇ ਟੈੱਸਟ ਕਰਨ ਦੀ ਖਾਸ ਸਿਖਲਾਈ ਲਈ ਹੋਈ ਹੁੰਦੀ ਹੈ।

ਟੈੱਸਟਾਂ ਲਈ ਦੋ ਘੰਟੇ ਤੱਕ ਲੱਗ ਸਕਦੇ ਹਨ। ਕਈ ਵਾਰੀ ਬੱਚੇ ਦੀ ਸੁਣਨ ਸ਼ਕਤੀ ਦਾ ਸਹੀ ਅਨੁਮਾਨ ਲਾਉਣ ਲਈ ਇਕ ਤੋਂ ਵੱਧ ਅਪੁਆਇੰਟਮੈਂਟਾਂ ਦੀ ਲੋੜ ਹੁੰਦੀ ਹੈ।

ਦੋਨਾਂ ਕਿਸਮਾਂ ਦੇ ਟੈੱਸਟਾਂ ਨਾਲ ਦੁੱਖ ਨਹੀਂ ਲੱਗਦਾ ਅਤੇ ਇਹ ਕਿਸੇ ਵੀ ਤਰ੍ਹਾਂ ਤੁਹਾਡੇ ਬੱਚੇ ਨੂੰ ਨੁਕਸਾਨ ਨਹੀਂ ਪਹੁੰਚਾਉਣਗੇ। ਟੈੱਸਟ ਕਰਨ ਲਈ ਬਣੀ ਅਪੁਆਇੰਟਮੈਂਟ 'ਤੇ ਜਾਣਾ ਅਤੇ ਆਪਣੇ ਬੱਚੇ ਦੀ ਸੁਣਨ-ਸ਼ਕਤੀ ਬਾਰੇ ਪਤਾ ਲਾਉਣਾ ਮਹੱਤਵਪੂਰਨ ਹੈ।

## ਜੇ ਦੂਜੇ ਟੈੱਸਟ ਦੇ ਨਤੀਜੇ ਸਪਸ਼ਟ ਨਾ ਹੋਣ ਤਾਂ ਕੀ ਇਸ ਦਾ ਮਤਲਬ ਇਹ ਹੈ ਕਿ ਮੇਰੇ ਬੱਚੇ ਦੀ ਸੁਣਨ-ਸ਼ਕਤੀ ਘੱਟ ਹੋਣ ਦੀ ਸੰਭਾਵਨਾ ਹੈ?

ਜੇ ਦੂਜੇ ਟੈੱਸਟ ਦੇ ਨਤੀਜੇ ਸਪਸ਼ਟ ਨਾ ਹੋਣ ਤਾਂ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਘੱਟ ਹੋਣ ਦੇ ਜ਼ਿਆਦੇ ਮੌਕੇ ਹਨ।

ਉਹਨਾਂ 20 ਬੱਚਿਆਂ, ਜਿਹਨਾਂ ਦਾ ਦੂਜਾ ਟੈੱਸਟ ਸਪਸ਼ਟ ਨਤੀਜਾ ਨਹੀਂ ਦਿਖਾਉਂਦਾ, ਵਿੱਚੋਂ ਇਕ ਬੱਚੇ ਦੀ ਇਕ ਜਾਂ ਦੋਨਾਂ ਕੰਨਾਂ ਦੀ ਸੁਣਨ-ਸ਼ਕਤੀ ਘੱਟ ਹੁੰਦੀ ਹੈ।

## ਅਗਲਾ ਕਦਮ ਕਿਹੜਾ ਹੈ?

ਤੁਹਾਨੂੰ ਅਗਲੇ ਕੁਝ ਹਫਤਿਆਂ ਵਿਚ ਪੈਰਵੀ ਲਈ ਅਪੁਆਇੰਟਮੈਂਟ ਦੇ ਵੇਰਵੇ ਦੱਸਣ ਲਈ ਫੋਨ ਕੀਤਾ ਜਾਵੇਗਾ। ਟੈੱਸਟ ਦਾ ਸਥਾਨ ਜਿੰਨਾ ਵੀ ਹੋ ਸਕੇ ਤੁਹਾਡੇ ਘਰ ਦੇ ਨੇੜੇ ਹੋਵੇਗਾ।

ਕਈ ਮਾਪੇ ਉਨਾ ਚਿਰ ਤੱਕ ਬਹੁਤ ਫਿਕਰ ਮਹਿਸੂਸ ਕਰਦੇ ਹਨ ਜਿੰਨਾ ਚਿਰ ਤੱਕ ਉਹਨਾਂ ਨੂੰ ਆਪਣੇ ਬੱਚੇ ਦੀ ਸੁਣਨ ਸ਼ਕਤੀ ਦਾ ਅਨੁਮਾਨ ਲਾਉਣ ਵਾਲੇ ਟੈੱਸਟਾਂ ਦੇ ਨਤੀਜਿਆਂ ਦਾ ਪਤਾ ਨਹੀਂ ਲੱਗ ਜਾਂਦਾ। ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਗੱਲ ਕਰਨੀ ਚਾਹੁੰਦੇ ਹੋ ਜੋ ਇਹਨਾਂ ਟੈੱਸਟਾਂ ਰਾਹੀਂ ਲੰਘਿਆ ਹੈ ਤਾਂ ਮਿਹਰਬਾਨੀ ਕਰਕੇ ਟੈੱਸਟਾਂ ਦਾ ਪ੍ਰਬੰਧ ਕਰਨ ਵਾਲੇ ਕਲਿਨਿਕ ਨੂੰ ਫੋਨ ਕਰੋ ਜਾਂ ਬੀ ਸੀ ਈ ਐੱਚ ਪੀ ਦੇ ਪ੍ਰੌਵਿੰਸ਼ਿਅਲ ਦਫਤਰ ਨੂੰ 1-866-612-2347 ਉੱਤੇ ਮੁਫਤ ਫੋਨ ਕਰੋ।



ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ (ਬੀ ਸੀ ਈ ਐੱਚ ਪੀ), ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੌਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ (ਪੀ ਐੱਚ ਐੱਸ ਏ) ਦੀ ਸੇਵਾ ਹੈ। ਤੁਹਾਡੇ ਪਰਿਵਾਰ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਆਪਣੀ ਮਦਦ ਕਰਨ ਲਈ ਹੋ ਸਕਦਾ ਹੈ ਕਿ ਬੀ ਸੀ ਈ ਐਚ ਪੀ ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਉਹਨਾਂ ਪੇਸ਼ਾਵਰ (ਪ੍ਰੋਫੈਸ਼ਨਲਜ਼) ਲੋਕਾਂ ਨਾਲ ਸਾਂਝੀ ਕਰਨ ਦੀ ਲੋੜ ਹੋਵੇ ਜੋ ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹ ਪੇਸ਼ਾਵਰ (ਪ੍ਰੋਫੈਸ਼ਨਲਜ਼) ਦੂਸਰੇ ਹਸਪਤਾਲਾਂ, ਹੀਅਰਿੰਗ ਕਲਿਨਿਕਾਂ, ਹੈਲਥ ਯੂਨਿਟਾਂ, ਚਾਇਲਡ ਡਿਵੈਲਪਮੈਂਟ ਸੈਂਟਰਾਂ, ਅਰਲੀ ਇੰਟਰਵੈਨਸ਼ਨ ਪ੍ਰੋਗਰਾਮਾਂ, ਸਕੂਲਾਂ, ਪ੍ਰੀ-ਸਕੂਲਾਂ ਅਤੇ/ਜਾਂ ਚਾਇਲਡ ਕੇਅਰ ਸੈਂਟਰਾਂ ਨਾਲ ਸੰਬੰਧਤ ਹੋ ਸਕਦੇ ਹਨ।

ਨਿੱਜੀ ਜਾਣਕਾਰੀ ਸੂਬੇ ਦੇ *ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ* ਅਧੀਨ ਇਕੱਤਰ ਕੀਤੀ ਜਾਂਦੀ ਹੈ। ਬੀ ਸੀ ਈ ਐੱਚ ਪੀ ਵਲੋਂ ਇਹ ਜਾਣਕਾਰੀ ਇਹ ਜਾਣਨ ਵਿੱਚ ਮਦਦ ਕਰਨ ਲਈ ਵਰਤੀ ਜਾਂਦੀ ਹੈ ਕਿ ਅਸੀਂ ਪਰਿਵਾਰਾਂ ਦੀਆਂ ਲੋੜਾਂ ਨੂੰ ਕਿੰਨੀ ਚੰਗੀ ਤਰ੍ਹਾਂ ਪੂਰੀਆਂ ਕਰ ਰਹੇ ਹਾਂ, ਅਸੀਂ ਆਪਣੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਕਿਵੇਂ ਸੁਧਾਰ ਕਰ ਸਕਦੇ ਹਾਂ ਅਤੇ ਅਸੀਂ ਚੰਗੀ ਸੰਭਾਲ ਨੂੰ ਕਿਵੇਂ ਯਕੀਨੀ ਬਣਾ ਸਕਦੇ ਹਾਂ। ਇਹ ਜਾਣਕਾਰੀ ਖੋਜ ਲਈ ਵੀ ਵਰਤੀ ਜਾ ਸਕਦੀ ਹੈ, ਜਿਵੇਂ ਕਿ *ਬੀ ਸੀ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ*, ਦੇ *ਸੈਕਸ਼ਨ 35* ਵਿੱਚ ਦੱਸਿਆ ਗਿਆ ਹੈ।

ਬੀ ਸੀ ਈ ਐੱਚ ਪੀ ਵਲੋਂ ਜਾਣਕਾਰੀ ਨੂੰ ਇਕੱਤਰ ਕਰਨ ਅਤੇ ਦੂਸਰਿਆਂ ਨਾਲ ਸਾਂਝੀ ਕਰਨ ਬਾਰੇ ਹੋਰ ਜਾਣਕਾਰੀ ਲੈਣ ਲਈ ਪ੍ਰੋਗਰਾਮ ਡਾਇਰੈਕਟਰ ਨਾਲ 250-519-5727 ਉੱਤੇ ਸੰਪਰਕ ਕਰੋ ਜਾਂ ਆਪਣੀ ਸਥਾਨਕ ਹੈਲਥ ਅਥਾਰਟੀ ਦੇ ਪ੍ਰਾਈਵੇਸੀ ਅਫਸਰ ਨਾਲ ਸੰਪਰਕ ਕਰੋ।